NORTHERN POWERGRID
www.northernpowergrid.com

# ਸਾਨੂੰ ਤੁਹਾਡੀ ਬਿਜਲੀ ਦੀ ਸਪਲਾਈ ਬੰਦ ਕਰਨ ਦੀ ਲੋੜ ਕਿਉਂ ਪੈਂਦੀ ਹੈ



## ਅਸੀਂ ਕੌਣ ਹਾਂ

Northern Powergrid ਵਿਖੇ ਅਸੀਂ ਨੋਰਥਈਸਟ, ਯੌਰਕਸ਼ਾਇਰ ਅਤੇ ਨੋਰਦਰਨ ਲਿੰਕਨਸ਼ਾਇਰ ਨੂੰ ਬਿਜਲੀ ਦੀ ਵੰਡ ਵਾਲੀਆਂ ਦੋ ਕੰਪਨੀਆਂ Northern Powergrid (Northeast) Ltd ਅਤੇ Northern Powergrid (Yorkshire) plc ਦੇ ਰਾਹੀਂ ਬਿਜਲੀ ਮੁਹੱਈਆ ਕਰਦੇ ਹਾਂ। ਅਸੀਂ ਤੁਹਾਡੇ ਸਪਲਾਇਰ ਲਈ ਆਪਣੇ ਬਿਜਲੀ ਵੰਡ ਨੈਟਵਰਕ ਰਾਹੀਂ 3.9 ਮਿਲੀਅਨ ਘਰਾਂ ਅਤੇ ਕਾਰੋਬਾਰਾਂ ਨੂੰ ਸੁਰੱਖਿਅਤ ਢੰਗ ਨਾਲ ਬਿਜਲੀ ਮੁਹੱਈਆ ਕਰਦੇ ਹਾਂ। ਤੁਹਾਡਾ ਸਪਲਾਇਰ ਤੁਹਾਡੀ ਬਿਜਲੀ ਲਈ ਤੁਹਾਡਾ ਬਿਲ ਬਣਾਉਂਦਾ ਹੈ ਅਤੇ ਤੁਹਾਡੇ ਮੀਟਰ ਲਈ ਜ਼ਿੰਮੇਵਾਰ ਹੁੰਦਾ ਹੈ।

## ਸਾਡੇ ਔਨਲਾਇਨ ਭਾਈਚਾਰੇ ਵਿੱਚ ਸ਼ਾਮਲ ਹੋਵੋ

ਸਾਡੇ ਔਨਲਾਇਨ ਭਾਈਚਾਰੇ ਦੇ ਰਾਹੀਂ ਅਸੀਂ ਵੱਖ-ਵੱਖ ਵਿਸ਼ਿਆਂ ਤੇ ਸਾਡੇ ਗਾਹਕਾਂ ਨਾਲ ਗੱਲਬਾਤ ਕਰ ਸਕਦੇ ਹਾਂ। ਤੁਹਾਡੀ ਕੀਮਤੀ ਪ੍ਰਤਿਕਿਰਿਆ ਸੁਧਾਰ ਕਰਨ ਅਤੇ ਭਵਿੱਖ ਦੀਆਂ ਸੇਵਾਵਾਂ ਨੂੰ ਆਕਾਰ ਦੇਣ ਦੇ ਤਰੀਕੇ ਲੱਭਣ ਵਿੱਚ ਸਾਡੀ ਮਦਦ ਕਰੇਗੀ। ਕਿਰਪਾ ਕਰਕੇ ਹੁਣੇ www.northernpowergrid.com/community ਤੇ ਰਜਿਸਟਰ ਕਰੋ ਅਤੇ ਸ਼ਾਮਲ ਹੋਵੋ!

## ਸਾਨੂੰ ਤੁਹਾਡੀ ਬਿਜਲੀ ਦੀ ਸਪਲਾਈ ਬੰਦ ਕਰਨ ਦੀ ਲੋੜ ਕਿਉਂ ਪੈਂਦੀ ਹੈ

ਰੌਸ਼ਨੀ ਨੂੰ ਚਾਲੂ ਰੱਖਣ ਲਈ, ਸਾਨੂੰ ਆਮ ਤੌਰ ਤੇ ਕਿਸੇ ਔਸਤ ਮਹੀਨੇ ਵਿੱਚ 480 ਮੌਕਿਆਂ ਤੇ ਆਪਣਾ ਯੋਜਨਾਬੱਧ ਕੰਮ ਕਰਨ ਦੀ ਲੋੜ ਪੈਂਦੀ ਹੈ, ਜਿਸ ਲਈ ਨੈਟਵਰਕ ਨੂੰ ਬੰਦ ਕਰਨ ਦੀ ਲੋੜ ਹੁੰਦੀ ਹੈ। ਕਿਰਪਾ ਕਰਕੇ ਭਰੋਸਾ ਰੱਖੋ ਕਿ ਇਹ ਕੀਤੇ ਜਾਣ ਵਾਲੇ ਕੰਮ ਦਾ ਛੋਟਾ ਜਿਹਾ ਪ੍ਰਤਿਸ਼ਤ ਹੈ ਅਤੇ 90% ਤੋਂ ਵੀ ਵੱਧ ਕੰਮ ਬਿਜਲੀ ਚਾਲੂ ਰਹਿਣ ਤੇ ਕੀਤਾ ਜਾਂਦਾ ਹੈ। ਪਰ ਕਈ ਤਰ੍ਹਾਂ ਦੇ ਕੰਮਾਂ, ਜਿਵੇਂ ਕਿ ਕਿਸੇ ਨੁਕਸ ਦੀ ਮੁਰੰਮਤ ਕਰਦਿਆਂ, ਬਦਲੀ ਜਾਂ ਸਾਂਭ-ਸੰਭਾਲ ਦੇ ਕੰਮ, ਨਵੀਂ ਸਪਲਾਈ ਨੂੰ ਜੋੜਨ ਲੱਗਿਆਂ ਜਾਂ ਉਪਰ ਜਾਂਦੀਆਂ ਲਾਈਨਾਂ ਤੋਂ ਦਰਖਤਾਂ/ਪੌਦਿਆਂ ਦੇ ਵਾਧੇ ਨੂੰ ਸਾਫ ਕਰਨ ਸਮੇਂ ਸਾਨੂੰ ਬਿਜਲੀ ਬੰਦ ਕਰਨੀ ਪੈਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਸੁਰੱਖਿਅਤ ਢੰਗ ਨਾਲ ਕੰਮ ਕਰ ਸਕਦੇ ਹਾਂ।

## ਸਾਨੂੰ ਤੁਹਾਨੂੰ ਕਿੰਨੇ ਸਮੇਂ ਦਾ ਨੋਟਿਸ ਦੇਣ ਦੀ ਲੋੜ ਹੁੰਦੀ ਹੈ

ਕਾਨੂੰਨ ਮੁਤਾਬਕ ਜੇ ਅਸੀਂ ਤੁਹਾਡੀ ਬਿਜਲੀ ਦੀ ਸਪਲਾਈ ਬੰਦ ਕਰਨ ਜਾ ਰਹੇ ਹਾਂ ਤਾਂ ਸਾਨੂੰ ਲਾਜ਼ਮੀ ਤੌਰ ਤੇ ਤੁਹਾਨੂੰ ਘੱਟੋ-ਘੱਟ ਦੋ ਦਿਨਾਂ ਦਾ ਨੋਟਿਸ ਦੇਣਾ ਚਾਹੀਦਾ ਹੈ। ਪਰ, ਅਸੀਂ ਮਹਿਸੂਸ ਕੀਤਾ ਹੈ ਕਿ ਕਈ ਵਾਰੀ ਇਹ ਸਮਾਂ ਤੁਹਾਡੇ ਦੁਆਰਾ ਹੋਰ ਇੰਤਜ਼ਾਮ ਕਰਨ ਲਈ ਕਾਫੀ ਨਹੀਂ ਹੁੰਦਾ, ਇਸ ਲਈ ਸਾਡਾ ਉਦੇਸ਼ ਤੁਹਾਨੂੰ 10 ਦਿਨਾਂ ਦਾ ਨੋਟਿਸ ਦੇਣ ਦਾ ਹੈ। ਅਸੀਂ ਜਾਣਦੇ ਹਾਂ ਕਿ ਗਾਹਕਾਂ ਨੂੰ ਵਧੇਰੇ ਸਮੇਂ ਦਾ ਨੋਟਿਸ ਦੇਣ ਦਾ ਅਕਸਰ ਅਰਥ ਹੁੰਦਾ ਹੈ ਕਿ ਉਹ ਸਾਡੇ ਵੱਲੋਂ ਉਹਨਾਂ ਦੀ ਬਿਜਲੀ ਬੰਦ ਕਰਨ ਦੀ ਗੱਲ ਭੁੱਲ ਜਾਂਦੇ ਹਨ ਇਸ ਲਈ ਅਸੀਂ ਇਸ ਪਰਚੇ ਦੇ ਪਿਛਲੇ ਪੰਨੇ ਤੇ ਤੁਹਾਡੇ ਭਰਨ ਲਈ ਅਤੇ ਅਜਿਹੀ ਜਗ੍ਹਾ ਤੇ ਰੱਖਣ ਲਈ ਇੱਕ ਯਾਦ-ਦਹਾਨੀ ਸ਼ਾਮਲ ਕੀਤੀ ਹੈ ਜਿੱਥੇ ਹਰ ਕੋਈ ਇਸ ਨੂੰ ਦੇਖ ਸਕੇ।

## ਅਸੀਂ ਕਮਜ਼ੋਰ ਗਾਹਕਾਂ ਦੀ ਮਦਦ ਕਿਵੇਂ ਕਰ ਸਕਦੇ ਹਾਂ

ਜੇ ਤੁਸੀਂ ਕਮਜ਼ੋਰ ਹੋ ਅਤੇ ਤੁਹਾਨੂੰ ਵਾਧੂ ਮਦਦ ਦੀ ਲੋੜ ਪੈ ਸਕਦੀ ਹੈ, ਤਾਂ ਕਿਰਪਾ ਕਰਕੇ ਸਾਡੀਆਂ ਤਰਜੀਹੀ ਸੇਵਾਵਾਂ ਬਾਰੇ ਹੋਰ ਜਾਣਕਾਰੀ ਅਤੇ ਆਪਣੀ ਤਕਲੀਫ ਰਜਿਸਟਰ ਕਰਵਾਉਣ ਲਈ ਸਾਡੇ ਨਾਲ 0800 169 2996 ਤੇ ਸੰਪਰਕ ਕਰੋ ਤਾਂ ਜੋ ਅਸੀਂ ਮਦਦ ਲਈ ਕੋਸ਼ਿਸ਼ ਕਰ ਸਕੀਏ।

## ਜੇਨਰੇਟਰ ਦੀ ਵਿਵਸਥਾ

ਇਹ ਸਾਡੇ ਲਈ ਵਿਹਾਰਕ ਨਹੀਂ ਹੈ ਕਿ ਅਸੀਂ ਵਿਅਕਤੀਗਤ ਜੇਨਰੇਟਰ ਮੁਹੱਈਆ ਕਰੀਏ ਜਾਂ ਜੋੜੀਏ। ਜੇ ਤੁਸੀਂ ਚਾਹੋ, ਤਾਂ ਸਥਾਨਕ ਕਿਰਾਏ ਵਾਲੀ ਦੁਕਾਨ ਤੋਂ ਛੋਟਾ ਜੇਨਰੇਟਰ ਕਿਰਾਏ ਤੇ ਲੈ ਸਕਦੇ ਹੋ। ਜੇ ਤੁਸੀਂ ਵੱਡੇ ਵਪਾਰਕ ਜਾਂ ਉਦਯੋਗਿਕ ਖਪਤਕਾਰ ਹੋ, ਤਾਂ ਸਾਡੇ ਨਾਲ 0800 587 8865 ਤੇ ਸੰਪਰਕ ਕਰੋ ਅਤੇ ਅਸੀਂ ਤੁਹਾਨੂੰ ਖਾਸ ਜੇਨਰੇਟਰ ਕਿਰਾਏ ਤੇ ਦੇਣ ਵਾਲੀਆਂ ਕੰਪਨੀਆਂ ਦੇ ਸੰਪਰਕ ਵੇਰਵੇ ਦੇਵਾਂਗੇ।



## ਤੁਹਾਡੇ ਬਿਜਲੀ ਨਾਲ ਚੱਲਣ ਵਾਲੇ ਉਪਕਰਣ ਦੀ ਰੱਖਿਆ ਕਿਵੇਂ ਕੀਤੀ ਜਾਵੇ

- ਇਸ ਤੋਂ ਪਹਿਲਾਂ ਕਿ ਅਸੀਂ ਬਿਜਲੀ ਬੰਦ ਕਰੀਏ ਤੁਹਾਨੂੰ ਬਿਜਲੀ ਦੇ ਕਿਸੇ ਵੀ ਸੰਵੇਦਨਸ਼ੀਲ ਉਪਕਰਣ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਉਸ ਦਾ ਪਲੱਗ ਉਤਾਰ ਦੇਣਾ ਚਾਹੀਦਾ ਹੈ।
- ਉਹਨਾਂ ਬਿਜਲਈ ਉਪਕਰਣਾਂ ਨੂੰ ਬੰਦ ਕਰ ਦਿਓ ਜੋ ਤਾਪ ਪੈਦਾ ਕਰਦੇ ਹਨ ਜਿਵੇਂ ਕਿ ਕਪੜੇ ਪ੍ਰੈਸ ਕਰ ਵਾਲੀਆਂ ਪ੍ਰੈਸਾਂ, ਅੱਗਾਂ, ਪੱਖੇ ਵਾਲੇ ਹੀਟਰ, ਵਾਲ ਸਿੱਧੇ ਕਰਨ ਵਾਲੇ ਉਪਕਰਣ ਅਤੇ ਅਜਿਹੀਆਂ ਹੋਰ ਚੀਜ਼ਾਂ। ਜੇ ਤੁਸੀਂ ਇਹਨਾਂ ਨੂੰ ਚਾਲੂ ਹਾਲਤ ਵਿੱਚ ਰੱਖਦੇ ਹੋ, ਤਾਂ ਜਦੋਂ ਅਸੀਂ ਬਿਜਲੀ ਦੀ ਸਪਲਾਈ ਬਹਾਲ ਕਰਦੇ ਹਾਂ ਤਾਂ ਉਹ ਅੱਗ ਲੱਗਣ ਦਾ ਕਾਰਨ ਬਣ ਸਕਦੇ ਹਨ।
- ਜੇ ਤੁਹਾਡੇ ਚੋਰਾਂ ਤੋਂ ਸਾਵਧਾਨ ਕਰਨ ਵਾਲੇ ਅਲਾਰਮਾਂ ਵਿੱਚ ਭਰੋਸੇਯੋਗ ਬੈਟਰੀ ਦੀ ਸਪਲਾਈ ਹੈ ਤਾਂ ਜਦੋਂ ਤੱਕ ਅਸੀਂ ਬਿਜਲੀ ਬਹਾਲ ਨਹੀਂ ਕਰਦੇ ਉਹਨਾਂ ਨੂੰ ਚਾਲੂ ਰੱਖਣਾ ਚਾਹੀਦਾ ਹੈ।
- ਜਦੋਂ ਅਸੀਂ ਬਿਜਲੀ ਮੁੜ ਬਹਾਲ ਕਰਦੇ ਹਾਂ ਤਾਂ ਤੁਹਾਨੂੰ ਕੁਝ ਇਲੈਕਟ੍ਰਿਕ ਉਪਕਰਣਾਂ ਦੇ ਟਾਈਮਰਾਂ ਨੂੰ ਮੁੜ ਤੋਂ ਸੈਟ ਕਰਨ ਦੀ ਲੋੜ ਪੈ ਸਕਦੀ ਹੈ ਜਿਵੇਂ ਤੁਹਾਡਾ ਸੈਂਟ੍ਰਲ ਹੀਟਿੰਗ, ਕੁਕਰ ਅਤੇ ਹੋਰ ਕਈ ਚੀਜ਼ਾਂ।
- ਫ੍ਰਿਜ ਜਾਂ ਫ੍ਰੀਜ਼ਰ ਦੇ ਦਰਵਾਜ਼ੇ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਅਸੀਂ ਮੁੜ ਬਿਜਲੀ ਬਹਾਲ ਨਹੀਂ ਕਰਦੇ ਕਿਉਂਕਿ ਇਸ ਨਾਲ ਠੰਡੀ ਹਵਾ ਬਾਹਰ ਚਲੀ ਜਾਵੇਗੀ।
- ਸਾਡੇ ਵੱਲੋਂ ਬਿਜਲੀ ਬੰਦ ਕਰਨ ਤੋਂ ਐਨ ਪਹਿਲਾਂ ਲਿਫ਼ਟਾਂ ਅਤੇ ਸਟੇਅਰਲਿਫਟਾਂ ਦੀ ਵਰਤੋਂ ਕਰਨ ਤੋਂ ਬਚੋ।
- ਜੇ ਤੁਹਾਡੇ ਕੋਲ ਬਿਜਲੀ ਨਾਲ ਚੱਲਣ ਵਾਲੇ ਪਹੁੰਚ ਨਿਯੰਤ੍ਰਿਤ ਕਰਨ ਵਾਲੇ ਦਰਵਾਜ਼ੇ, ਗੈਰਾਜ ਦੇ ਦਰਵਾਜ਼ੇ ਜਾਂ ਡਰਾਇਵ-ਵੇਅ ਗੇਟ ਹਨ ਤਾਂ ਤੁਹਾਨੂੰ ਪਤਾ ਲਗਾਉਣਾ ਚਾਹੀਦਾ ਹੈ ਕਿ ਉਹਨਾਂ ਨੂੰ ਹੱਥੀਂ ਕਿਵੇਂ ਖੋਲ੍ਹਣਾ ਹੈ। ਸਾਡੇ ਦੁਆਰਾ ਬਿਜਲੀ ਬੰਦ ਕਰਨ ਤੋਂ ਪਹਿਲਾਂ ਤੁਹਾਨੂੰ ਡਰਾਇਵ-ਵੇਅ ਗੇਟ ਖੋਲ੍ਹਣ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ।

## ਤੁਸੀਂ ਕਿਵੇਂ ਤਿਆਰ ਹੋ ਸਕਦੇ ਹੋ

ਅੱਗੇ ਦਿੱਤੀਆਂ ਚੀਜ਼ਾਂ ਤਿਆਰ ਰੱਖੋ:

- ਇੱਕ ਟਾਰਚ ਜੇ ਤੁਹਾਡੀ ਸਪਲਾਈ ਸਬੰਧੀ ਸਮੱਸਿਆਵਾਂ ਹਨ।
- ਇੱਕ ਪੂਰੀ ਤਰ੍ਹਾਂ ਚਾਰਜ ਕੀਤਾ ਮੋਬਾਇਲ ਫ਼ੋਨ (ਲੈਂਡਲਾਈਨ ਫ਼ੋਨ ਜਿਨ੍ਹਾਂ ਲਈ ਬਿਜਲੀ ਦੀ ਸਪਲਾਈ ਦੀ ਲੋੜ ਪੈਂਦੀ ਹੈ ਕੰਮ ਨਹੀਂ ਕਰਨਗੇ)।


ਠੰਡੇ ਮੌਸਮ ਵਿੱਚ, ਤੁਹਾਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਕੋਲ ਅੱਗੇ ਦਿੱਤੀਆਂ ਚੀਜ਼ਾਂ ਹੋਣ:

- ਇੱਕ ਫਲਾਸਕ ਤਾਂ ਜੋ ਤੁਸੀਂ ਗਰਮ ਪੀਣ ਵਾਲਾ ਪਦਾਰਥ ਰੱਖ ਸਕੋ।
- ਗਰਮ ਰਹਿਣ ਲਈ ਇੱਕ ਕੰਬਲ

### ਉਪਯੋਗੀ ਸੁਝਾਅ:

*ਕਿਉਂ ਨਾ ਰੌਸ਼ਨੀ ਦੇ ਸਵਿੱਚ ਨੂੰ ਚਾਲੂ ਰੱਖਿਆ ਜਾਵੇ ਤਾਂ ਜੋ ਬਿਜਲੀ ਦੀ ਸਪਲਾਈ ਵਾਪਸ ਆਉਣ ਤੇ ਤੁਹਾਨੂੰ ਪਤਾ ਲੱਗ ਜਾਵੇ।*





# ਨੈਟਵਰਕ ਦੇ ਨੁਕਸ ਦੀ ਮੁਰੰਮਤ ਕਰਨੀ



## ਸਾਨੂੰ ਨੈਟਵਰਕ ਵਿੱਚ ਨੁਕਸ ਦੀ ਮੁਰੰਮਤ ਕਰਨ ਦੀ ਲੋੜ ਕਿਉਂ ਪੈਂਦੀ ਹੈ

ਜੇ ਤੁਹਾਡੇ ਇਲਾਕੇ ਵਿੱਚ ਬਿਜਲੀ ਦੇ ਨੈਟਵਰਕ ਵਿੱਚ ਕੋਈ ਨੁਕਸ ਪੈਦਾ ਹੁੰਦਾ ਹੈ ਜਿਸ ਨਾਲ ਤੁਹਾਨੂੰ ਜਾਂ ਹੋਰਨਾਂ ਗਾਹਕਾਂ ਨੂੰ ਬਿਜਲੀ ਦੀ ਸਪਲਾਈ ਸਬੰਧੀ ਸਮੱਸਿਆਵਾਂ ਹੁੰਦੀਆਂ ਹਨ, ਤਾਂ ਇਹ ਅਹਿਮ ਹੁੰਦਾ ਹੈ ਕਿ ਅਸੀਂ ਜਲਦੀ ਤੋਂ ਜਲਦੀ ਮੁਰੰਮਤ ਕਰੀਏ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੀ ਬਿਜਲੀ ਦੀ ਸਪਲਾਈ ਦੀ ਸੁਰੱਖਿਆ ਬਰਕਰਾਰ ਰਹੇ।

ਇੱਕ ਵਾਰੀ ਜਦੋਂ ਅਸੀਂ ਨੁਕਸ ਨੂੰ ਪਛਾਣ ਲੈਂਦੇ ਹਾਂ, ਅਤੇ ਸਥਾਈ ਮੁਰੰਮਤ ਕਰਨ ਤੋਂ ਪਹਿਲਾਂ, ਕਦੇ-ਕਦੇ ਸਾਨੂੰ ਤੁਹਾਡੀ ਬਿਜਲੀ ਦੀ ਸਪਲਾਈ ਨੈਟਵਰਕ ਦੇ ਦੂਜੇ ਹਿੱਸੇ ਤੋਂ ਦੇਣ ਲਈ ਬਦਲੀ ਕਰਨੀ ਪੈਂਦੀ ਹੈ। ਇਸ ਦੇ ਨਤੀਜੇ ਵੱਜੋਂ ਤੁਹਾਨੂੰ ਸਪਲਾਈ ਦੀ ਆਮ ਤੌਰ ਤੇ ਮਿਲਣ ਵਾਲੀ ਗੁਣਵੱਤਾ ਵਿੱਚ ਕਮੀ ਆ ਸਕਦੀ ਹੈ, ਜਿਵੇਂ ਕਿ ਰੋਸ਼ਨੀ ਦੀ ਟਿਮਟਿਮਾਹਟ ਅਤੇ ਥੋੜ੍ਹੀ ਮੱਧਮ ਰੋਸ਼ਨੀ। ਚਿੰਤਾ ਨਾ ਕਰੋ, ਇਹ ਆਮ ਗੱਲ ਹੈ ਅਤੇ ਇੱਕ ਵਾਰੀ ਸਥਾਈ ਮੁਰੰਮਤ ਹੋਣ ਤੇ ਤੁਹਾਡੀ ਸਪਲਾਈ ਆਮ ਵਰਗੀ ਹੋ ਜਾਵੇਗੀ।

# ਨੈਟਵਰਕ ਦੀ ਬਦਲੀ ਅਤੇ ਸਾਂਭ-ਸੰਭਾਲ



## ਸਾਨੂੰ ਨੈਟਵਰਕ ਦੀ ਬਦਲੀ ਅਤੇ ਸਾਂਭ-ਸੰਭਾਲ ਦੀ ਲੋੜ ਕਿਉਂ ਪੈਂਦੀ ਹੈ

ਅਸੀਂ ਲੋਕਾਂ ਦੀਆਂ ਟੀਮਾਂ ਨਿਯੁਕਤ ਕਰਦੇ ਹਾਂ ਜਿਨ੍ਹਾਂ ਨੂੰ, ਰੋਜ਼ਾਨਾ ਅਧਾਰ ਤੇ, ਬਿਜਲੀ ਦੇ ਨੈਟਵਰਕ ਦੀ ਸਾਂਭ-ਸੰਭਾਲ ਅਤੇ ਬਦਲੀ ਦਾ ਕੰਮ ਕਰਨ ਦੀ ਲੋੜ ਹੁੰਦੀ ਹੈ। ਤੁਹਾਡੇ ਇਲਾਕੇ ਲਈ ਬਿਜਲੀ ਦੀ ਸਪਲਾਈ ਦੀ ਭਰੋਸੇਯੋਗਤਾ ਨੂੰ ਬਣਾਏ ਰੱਖਣ ਅਤੇ ਇਸ ਵਿੱਚ ਸੁਧਾਰ ਕਰਨ ਲਈ ਸਾਰਾ ਸਾਲ ਇਸ ਕੰਮ ਦੀ ਯੋਜਨਾ ਬਣਾਈ ਜਾਂਦੀ ਹੈ। ਇਸ ਨਾਲ ਨੈਟਵਰਕ ਵਿੱਚ ਨੁਕਸਾਂ ਦੇ ਕਾਰਨ ਸਾਡੇ ਗਾਹਕਾਂ ਲਈ ਲੱਗਣ ਵਾਲੇ ਬਿਜਲੀ ਦੇ ਕੱਟਾਂ ਅਤੇ ਅਸੁਵਿਧਾਵਾਂ ਨੂੰ ਘਟਾਉਣ ਵਿੱਚ ਵੀ ਮਦਦ ਮਿਲਦੀ ਹੈ।

# ਨੈਟਵਰਕ ਨਾਲ ਨਵੀਂ ਸਪਲਾਈ ਨੂੰ ਜੋੜਨਾ











## ਸਾਨੂੰ ਨੈਟਵਰਕ ਨਾਲ ਨਵੀਂ ਸਪਲਾਈ ਜੋੜਨ ਦੀ ਲੋੜ ਕਿਉਂ ਪੈਂਦੀ ਹੈ

ਜਦ ਸਾਨੂੰ ਤੁਹਾਡੇ ਨੇੜੇ ਰਹਿਣ ਵਾਲੇ ਕਿਸੇ ਗਾਹਕ ਵਲੋਂ ਨਵਾਂ ਬਿਜਲੀ ਦਾ ਕਨੈਕਸ਼ਨ ਮੁਹੱਈਆ ਕਰਨ (ਜਾਂ ਮੌਜੂਦਾ ਕਨੈਕਸ਼ਨ ਵਿੱਚ ਤਬਦੀਲੀ ਕਰਨ) ਲਈ ਕਿਹਾ ਜਾਂਦਾ ਹੈ ਤਾਂ ਸਾਨੂੰ ਤੁਹਾਡੀ ਬਿਜਲੀ ਬੰਦ ਕਰਨ ਦੀ ਲੋੜ ਪੈ ਸਕਦੀ ਹੈ।

ਕਾਨੂੰਨ ਮੁਤਾਬਕ ਸਾਨੂੰ ਇਹ ਸੇਵਾਵਾਂ ਤੈਅ ਸਮਾਂ-ਸੀਮਾਵਾਂ ਦੇ ਅੰਦਰ ਮੁਹੱਈਆ ਕਰਨ ਦੀ ਲੋੜ ਹੁੰਦੀ ਹੈ ਅਤੇ ਸਾਡਾ ਉਦੇਸ਼ ਹਮੇਸ਼ਾ ਅਸੁਵਿਧਾ ਨੂੰ ਘੱਟ ਤੋਂ ਘੱਟ ਰੱਖਣ ਦਾ ਹੋਵੇਗਾ।



# ਦਰਖਤਾਂ/ਪੌਦਿਆਂ ਨੂੰ ਨੈਟਵਰਕ ਤੋਂ ਦੂਰ ਕਰਨਾ

## ਸਾਨੂੰ ਦਰਖਤਾਂ/ਪੌਦਿਆਂ ਨੂੰ ਨੈਟਵਰਕ ਤੋਂ ਦੂਰ ਕਰਨ ਦੀ ਲੋੜ ਕਿਉਂ ਪੈਂਦੀ ਹੈ

ਤੁਹਾਡੇ ਇਲਾਕੇ ਵਿੱਚ ਬਿਜਲੀ ਦੀ ਸਪਲਾਈ ਦੀ ਭਰੋਸੇਯੋਗਤਾ ਨੂੰ ਬਣਾਏ ਰੱਖਣ ਅਤੇ ਇਸ ਵਿੱਚ ਸੁਧਾਰ ਕਰਨ ਲਈ ਦਰਖਤਾਂ ਅਤੇ ਪੌਦਿਆਂ ਨੂੰ ਵੱਧ ਕੇ ਉਪਰੋਂ ਜਾਂਦੀਆਂ ਲਾਈਨਾਂ ਤਕ ਪਹੁੰਚ ਜਾਣ ਤੋਂ ਰੋਕਣ ਲਈ ਅਸੀਂ ਇੱਕ ਵੱਡੀ ਟੀਮ ਨੂੰ ਨਿਯੁਕਤ ਕਰਦੇ ਹਾਂ।

ਅਸੀਂ ਬਿਜਲੀ ਦੇ ਨੈਟਵਰਕ ਵਿੱਚ ਉਹਨਾਂ ਸਮੱਸਿਆਵਾਂ ਦੀ ਗਿਣਤੀ ਨੂੰ ਘਟਾਉਣ ਵਿੱਚ ਮਦਦ ਲਈ, ਜਿਨ੍ਹਾਂ ਕਾਰਨ ਕਦੇ-ਕਦੇ ਨੁਕਸ ਪੈਦਾ ਹੋ ਸਕਦਾ ਹੈ, ਇਸ ਕੰਮ ਨੂੰ ਯੋਜਨਾਬੱਧ ਅਧਾਰ ਤੇ ਕਰਦੇ ਹਾਂ।



ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ:
0800 587 8865

NORTHERN POWERGRID
www.northernpowergrid.com

ਕਿਰਪਾ ਕਰਕੇ ਬਿਨਾਂ ਝਿਜਕ ਇਸ ਕਾਰਡ ਨੂੰ ਭਰੋ ਅਤੇ ਅਜਿਹੀ ਥਾਂ ਤੇ ਰੱਖੋ ਜਿੱਥੇ ਹਰ ਕੋਈ ਇਸ ਨੂੰ ਦੇਖ ਸਕੇ।

## ਮਹੱਤਵਪੂਰਨ ਨੋਟਿਸ - ਸਾਨੂੰ ਇਸ ਸਮੇਂ ਤੇ ਤੁਹਾਡੀ ਬਿਜਲੀ ਦੀ ਸਪਲਾਈ ਬੰਦ ਕਰਨ ਦੀ ਲੋੜ ਹੈ:

ਮਿਤੀ: ......................................................................................................

ਇਸ ਸਮੇਂ ਵਿਚਕਾਰ: ਸਮਾਂ .................................... am/pm ਅਤੇ ਸਮਾਂ .................................... am/pm

ਅਸੀਂ ਕਿਸੇ ਵੀ ਅਸੁਵਿਧਾ ਲਈ ਮਾਫ਼ੀ ਚਾਹੁੰਦੇ ਹਾਂ।